# ਫਸਲ ਵੱਢਣ ਦੇ ਵੇਲੇ ਆਨੰਦ ਮਨਾਉ



ਬੋਆਜ ਨੇ ਅਨਾਜ ਵੰਢਣ ਦੇ ਵੇਲੇ, ਦੂਜਿਆਂ ਨਾਲ ਧੰਨਵਾਦ ਕੀਤਾ।

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਬੇਨਤੀ ਕਰਕੇ ਬੱਚਿਆਂ ਦੀ ਮੱਦਦ ਕਰੋ, ਫਸਲ ਵੱਢਣ ਅਤੇ ਦੂਜਿਆਂ ਲਈ ਅਸੀਸਾਂ ਲਈ, ਤੁਹਾਨੂੰ ਧੰਨਵਾਦ ਕਰਨ ਵਿੱਚ। ਸਾਡੀ ਸੱਦਭਾਵਨਾ ਦੂਜਿਆਂ ਦੇ ਨਾਲ ਅਸੀਸਾਂ ਵੰਢਣ ਵਿੱਚ ਸਾਡੀ ਮੱਦਦ ਕਰੋ, ਜਿਵੇ ਬੋਆਜ ਨੇ ਕੀਤਾ।

## ਪਰਮੇਸ਼ਵਰ ਦਾ ਧੰਨਵਾਦ ਕਰੋ

ਬੱਚੇ ਇੰਨ੍ਹਾਂ ਚੀਜ਼ਾਂ ਦਾ ਜ਼ਿਕਰ ਕਰਨ ਜਿੰਨ੍ਹਾਂ ਲਈ ਉਨ੍ਹਾਂ ਨੇ ਪਰਮੇਸ਼ਵਰ ਦਾ ਧੰਨਵਾਦ ਕੀਤਾ, ਬੱਚੇ ਪ੍ਰਾਥਨਾ ਕਰਨ ਅਤੇ ਇੰਨ੍ਹਾਂ ਅਸ਼ੀਸਾਂ ਬਾਰੇ ਪਰਮੇਸ਼ਵਰ ਦਾ ਧੰਨਵਾਦ ਕਰਨ।

ਇੱਕ ਅਧਿਆਪਕ ਜਾ ਵੱਡਾ ਬੱਚਾ ਪੜ੍ਹੇ ਜਾਂ ਰੂਥ ਦੀ ਕਹਾਣੀ ਯਾਦ ਕਰਕੇ ਦੱਸੇ। ਰੂਥ ਉਹਦੇ 2 ਬਾਪ ਵਿੱਚੋ, ਇਹ ਦੱਸਦੀ ਹੈ, ਕਿਵੇ ਬੋਆਜ ਨੇ ਵਾਢੀ ਦੇ ਵੇਲੇ ਰੂਤ ਨਾਲ ਦਿਆਲੂਆਂ ਵਾਲਾ ਵਿਹਾਰ ਕੀਤਾ।

ਬੋਆਜ ਨੇ ਕਿਵੇ ਆਪਣੇ ਧੰਨਵਾਦ ਨੂੰ ਦੂਜਿਆ ਨਾਲ ਵੰਡਿਆ, ਇਸ ਕਹਾਣੀ ਦਾ ਨਾਟਕ ਤਿਆਰ ਕਰੋ। ਅਰਾਧਨਾ ਦੇ ਆਂਗੂਆਂ ਨਾਲ ਬੱਚਿਆਂ ਦਾ ਇਹ ਨਾਟਕ ਬਾਲਿਗਾ ਲਈ ਪੇਸ਼ ਕਰਨ ਦਾ ਪ੍ਰਬੰਧ ਕਰੋ। ਬੱਚਿਆਂ ਨੂੰ ਪੜ੍ਹਾਉਦੇ ਵੇਲੇ ਨਾਟਕ ਤਿਆਰ ਕਰੋ। ਵੱਡੇ ਬੱਚੇ ਛੋਟਿਆਂ ਦੀ ਮੱਦਦ ਕਰਨ। ਤੁਸੀ ਨਾਟਕ ਦਾ ਕੁਝ ਹਿੱਸਾ ਕਰ ਸਕਦੇ ਹੋ।

- ਜੇਕਰ ਸਾਰੇ ਹਿੱਸੇ ਕਰਨ ਵਾਸਤੇ ਲੋਕੀ ਪੂਰੇ ਨਹੀ ਹਨ ਤਾਂ ਵਾਚਕ ਦੱਸੇ, ਕਿਹਨੂੰ ਕਿਹੜਾ ਹਿੱਸਾ ਕਰਨਾ ਹੈ, ਅਤੇ ਪੜ੍ਹੇ।
- ਕਿਰਦਾਰ ਆਪਣੀਆਂ ਲੰਬੀਆਂ ਗੱਲਾਂ ਸਿੱਖੇ ਜਾਂ ਬਾਈਬਲ ਵਿੱਚੋਂ ਪੜ੍ਹ ਸਕਦੇ ਹਨ।
- ਬਾਲਿਗਾਂ ਜਾਂ ਵੱਡੇ ਬੱਚਿਆਂ ਨੂੰ ਇਹ ਹਿੱਸੇ ਕਰਨ ਲਈ ਦਿਉ। ਬੋਆਜ, ਰੂਥ, ਨਿਉਮੀ, ਸੇਵਕ ਅਤੇ ਵਾਚਕ। ਰੂਥ ਇੱਕ ਵੱਡੀ ਬੋਰੀ ਅਤੇ ਦੂਸਰੇ ਭਾਂਡੇ ਕਣਕ ਰੱਖਣ ਲਈ ਲੈ ਕੇ ਆਏ।



ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਲਈ ਦਿਉ ਮੁੱਖ ਫਸਲ ਵੱਢਣ ਵਾਲਾ ਅਤੇ ਬਹੁਤ ਸਾਰੇ ਹੋਰ ਫਸਲ ਵੱਢਣ ਵਾਲੇ ਸੇਵਕ ਕੁਝ ਫਸਲ ਵੱਢਣ ਵਾਲੀ ਦਾਤਰੀ ਦਾ ਪ੍ਰਯੋਗ ਕਰਨ ਦਾ ਦਿਖਾਵਾ ਕਰਨ (ਵੱਡੇ ਹੱਥ ਤੇਜ ਧਾਰ ਵਾਲਾ ਹਥਿਆਰ, ਜਿਹਦੇ ਨਾਲ ਕਣਕ ਦੇ ਸਿੱਟੇ ਕੁੱਟਦੇ ਹਨ)

**ਵਾਚਕ:** ''ਰੂਥ ਉਹਦਾ 2 ਬਾਪ ਦੱਸਦਾ ਹੈ, ਕਿਵੇ ਬੋਆਜ, ਇੱਕ ਕਿਸਾਨ ਰੂਤ ਨੂੰ ਫਸਲ ਵੱਡਣ ਦੇ ਵੇਲੇ ਦਿਆਲੂਤਾ ਦਿਖਾਉਂਦਾ ਹੈ, ਜਿਹੜੀ ਕਿ ਇੱਕ ਵਿਧਵਾ ਹੈ।

**ਵਾਢੀ ਕਰਨ ਵਾਲੇ:** ''ਕੁਝ ਕਣਕ ਅਤੇ ਸਿੱਟੇ ਵੱਢਣ ਦਾ ਦਿਖਾਵਾ ਕਰਨ। ਦੂਸਰੇ ਉਨ੍ਹਾਂ ਦੇ ਪੂਲੇ ਬੰਨਣ। ਅਤੇ ਇੱਕ ਪਾਸੇ ਲੈ ਜਾ ਕੇ, ਇੱਕਠੇ ਕਰਦੇ ਹੋਏ ਇਹ ਤੱਦ ਕਰੋ ਜਦੋ ਔਰਤਾਂ ਗੱਲਾਂ ਕਰਦੀਆ ਹੋਣ।

**ਰੂਤ:** ਫਸਲ ਵੱਢਣ ਵਾਲਿਆਂ ਦੇ ਵੇਲੇ ਇਸ਼ਾਰਾ ਕਰਦੇ ਹੋਏ ਨਿਮੁਈ ਨੂੰ ਆਖਦੀ ਹੈ (ਰੂਤ 2:2 ਵਿੱਚ) ''ਨਿਮੁਈ, ਮੇਰੀ ਪਿਆਰੀ ਸੱਸ, ਬੇਨਤੀ ਕਰਕੇ, ਮੈਨੂੰ ਖੇਤ ਵਿੱਚ ਜਾਣ ਦੀ ਆਗਿਆ ਦੇ ਕਿ ਕੁਝ ਸਿੱਟੇ ਚੁਗਾਂ', ਜਿਥੇ ਮੈ ਕਿਸਾਨਾ ਤੋਂ ਲਿਹਾਜ ਦੇ ਖਿਆ ਹੈ

**ਨਿਮੋਈ:** ''ਜਾ ਮੇਰੀਏ ਧੀਏ।'' (ਰੂਤ ਕੁਝ ਸਮੇ ਅਨਾਜ ਵੱਢਣ ਵਾਲਿਆਂ ਦੇ ਪਿੱਛੇ ਤੁਰਦੀ ਅਤੇ ਸਿੱਟੇ ਧਰਤੀ ਉੱਤੋ ਚੁੱਗਦੀ ਹੈ ਅਤੇ ਉਨ੍ਹਾਂ ਨੂੰ ਆਪਣੀ ਬੋਰੀ ਵਿੱਚ ਰੱਖਦੀ ਹੈ।

**ਬੋਆਜ:** ''ਸਵੇਰੇ ਦਾ ਨਮਸ਼ਕਾਰ, ਫਸਲ ਵੱਢਣ ਵਾਲਿਉ! ਪਰਮੇਸ਼ਵਰ ਤੁਹਾਡੇ ਨਾਲ ਹੋਵੇ।''

**ਬੋਆਜ:** ਕੁਝ ਸਮੇ ਵਾਸਤੇ ਰੂਥ ਨੂੰ ਵੇਖੇ, ਫਿਰ ਸੇਵਕਾਂ ਨੂੰ ਆਖੇ, ''ਇਹ ਜਵਾਨ ਔਰਤ ਕਿਹਦੀ ਰਿਸ਼ਤੇਦਾਰ ਹੈ?''

**ਸੇਵਕ** (2:6-7 ਵਿੱਚ): ''ਇਹ ਜਵਾਨ ਔਰਤ ਇੱਕ ਮੋਆਬੀ ਹੈ ਜਿਹੜੀ ਨਿਮੁਈ ਨਾਲ ਮੋਆਬ ਤੋਂ ਵਾਪਿਸ ਆਈ ਹੈ। ਉਹਨੇ ਕਿਹਾ, ''ਬੇਨਤੀ ਕਰਕੇ ਮੈਨੂੰ ਫਸਲ ਵੱਢਣ ਵਾਲਿਆਂ ਦੇ ਪਿੱਛੇ-ਪਿੱਛੇ ਜਾ ਕੇ ਪੂਲਿਆਂ ਦੇ ਵਿੱਚੋਂ ਸਿੱਟੇ ਚੁਣਨ ਦਿਉ।

**ਬੋਆਜ** (ਰੂਥ ਨੂੰ ਬੋਲੇ 2:8-9 ਵਿੱਚੋ) ''ਮੇਰੀਏ ਧੀਏ, ਧਿਆਨ ਨਾਲ ਸੁਣ। ਕਿਸੇ ਦੂਜੇ ਦੇ ਖੇਤ ਵਿੱਚੋ ਸਿੱਟੇ ਚੁਗਣ ਨਾ ਜਾਈ। ਮੇਰੀਆਂ ਦਾਸੀਆਂ ਨਾਲ ਹੀ ਰਹਿ। ਜਿਸ ਖੇਤ ਵਿੱਚ ਵਾਢੀ ਹੋਵੇ ਉਸ ਉੱਤੇ ਤੇਰੀ ਨਿਗਾਹ ਲੱਗੀ ਰਹੇ। ਅਤੇ ਜਿਥੇ ਉਹ ਜਾਣ, ਉਨ੍ਹਾਂ ਦੇ ਪਿੱਛੇ-ਪਿੱਛੇ ਲੱਗੀ ਰਹਿਣਾ। ਮੈ ਆਪਣੀਆਂ ਸੇਵਕਾਂ ਨੂੰ ਆਗਿਆ ਦੇ ਦਿੱਤੀ ਹੈ ਕਿ ਉਹ ਤੈਨੂੰ ਨਾ ਛੂਹਣ। ਜਦੋ ਤੈਨੂੰ ਪਿਆਸ ਲੱਗੇ ਤਾਂ ਘੜਿਆ ਕੋਲ ਜਾਣਾ ਅਤੇ ਉਸ ਪਾਣੀ ਵਿੱਚੋਂ ਪੀਣਾ ਜਿਹਨੂੰ ਜਵਾਨ ਲੋਕੀ ਭਰਦੇ ਹਨ।



**ਰੁਥ:** ਤੱਦ ਉਹ ਧਰਤੀ ਉੱਤੇ ਮੂੰਹ ਪਰਨੇ ਡਿੱਗ ਪਈ, ਅਤੇ ਉਹਦੇ ਨਾਲ ਬੋਲੀ (ਰੁਥ 2:10 ਵਿੱਚੋਂ) ''ਮੈ ਇੱਕ ਪਰਦੇਸ਼ਣ ਹਾਂ। ਕੀ ਕਾਰਣ ਹੈ ਕਿ ਤੇਰੀ ਨਿਗਾਹ ਵਿੱਚ ਕਿਰਪਾ ਪਾਈ, ਜੋ ਤੂੰ ਮੇਰੇ ਵੱਲ ਧਿਆਨ ਦਿੱਤਾ।

**ਬੋਆਜ:** ਜੋ ਕੁਝ ਤੂੰ ਆਪਣੇ ਪਤੀ ਦੀ ਮੌਤ ਤੋਂ ਬਾਦ, ਆਪਣੀ ਸੱਸ ਨਾਲ ਕੀਤਾ ਅਤੇ ਤੂੰ ਕਿਸ ਤਰ੍ਹਾਂ ਆਪਣੇ ਮਾਂ ਪਿਉ ਅਤੇ ਆਪਣੀ ਜਨਮ ਦੀ ਜਗ੍ਹਾਂ ਨੂੰ ਛੱਡ ਕੇ ਇਸ ਤਰ੍ਹਾਂ ਦੇ ਲੋਕਾਂ ਕੋਲ ਆਈ, ਜਿੰਨਾ ਨੂੰ ਤੂੰ ਪਹਿਲਾ ਜਾਣਦੀ ਹੀ ਨਹੀ ਸੀ।

ਇਹ ਸਾਰਾ ਮੈਨੂੰ ਚੰਗੀ ਤਰ੍ਹਾਂ ਦੱਸਿਆ ਗਿਆ ਹੈ। ਯਹੋਵਾਹ ਤੇਰੇ ਕੰਮਾ ਦਾ ਫਲ ਦੇ ਵੇ, ਅਤੇ ਇਸਰਾਏਲੀਆਂ ਦਾ ਪਰਮੇ ਸ਼ਵਰ ਯਹੋਵਾਹ ਜਿਹਦੇ ਖੰਭਾ ਹੇਠ ਨੂੰ ਪਰਤੀਤ ਕਰਕੇ ਆਈ ਹੈ, ਉਹ ਤੈਨੂੰ ਪੂਰਾ ਵੱਟਾ ਦੇਵੇਗਾ। (ਰੁਥ 2:11-12)

**ਰੁਤ:** ਉਹ ਬੋਲੀ,'' ਹੇ ਮੇਰੇ ਮਾਲਕ, ਤੁਹਾਡੀ ਦਯਾ ਦੀ ਨਿਗਾਹ ਮੇਰੇ ਉੱਤੇ ਹੋਵੇ। ਤੁਸੀ ਤਾਂ ਮੈਨੂੰ ਧੀਰਜ ਦਿੱਤੀ ਹੈ ਅਤੇ ਤੁਸੀ ਆਪਣੀ ਟਹਿਲਣ ਨਾਲ ਹਿੱਤ ਦੀਆ ਗੱਲਾ ਕੀਤੀਆਂ। ਭਾਵੇ ਮੈਂ ਤੇਰੀਆਂ ਟਹਿਲਣਾਂ ਵਿੱਚੋ ਇੱਕ ਵਰਗੀ ਵੀ ਨਹੀ।'' (ਰੁਥ 2:13)

**ਬੋਆਜ:** ਬੋਆਜ ਨੇ ਉਹਨੂੰ ਆਖਿਆ, ਜੋ ਰੋਟੀ ਵੇਲੇ ਤੂੰ ਰੋਟੀ ਖਾ ਅਤੇ ਆਪਣੀ ਬੁਰਕੀ ਸਿਰਕੇ ਵਿੱਚ ਡਬੋ (2:14)

**ਵਾਚਕ:** ਉਹ ਵਾਢਿਆਂ ਦੇ ਕੋਲ ਬੈਠ ਗਈ ਅਤੇ ਉਸ ਨੇ ਭੁੰਨੇ ਹੋਏ ਦਾਣੇ, ਉਹ ਦੇ ਅੱਗੇ ਧਰੇ, ਸੋ ਉਹਨੇ ਖਾਧੇ ਅਤੇ ਰੱਜ ਗਈ ਅਤੇ ਕੁਝ ਛੱਡ ਦਿੱਤੇ।

**ਬੋਆਜ:** ਬੋਆਜ ਨੇ ਆਪਣੇ ਜੁਆਨਾ ਨੂੰ ਹੁੱਕਮ ਦਿੱਤਾ ਕਿ ਉਹ ਨੂੰ ਭਰੀਆਂ ਦੇ ਵਿੱਚ ਚੁਗਣ ਦੇਣ ਅਤੇ ਹਟਾਉਣ ਨਹੀ (2:15-16)

**ਵਾਚਕ** (2:17-18 ਵਿੱਚੋ) ਸੋ ਉਹ ਸੰਧਿਆ ਤੋੜੀ ਪੈਲੀ ਵਿੱਚ ਚਗੁਦੀ ਰਹੀ ਅਤੇ ਜੋ ਕੁਝ ਵੀ ਉਹਨੇ ਚੁਗਿਆ ਸੀ, ਉਸ ਨੂੰ ਕੁੱਟਿਆ ਅਤੇ ਉਹ ਬੱਤੀਕੁ ਸੇਰ ਜੋ ਹੋਏ। ਸੋ ਉਨ੍ਹਾਂ ਨੂੰ ਚੁੱਕ ਕੇ ਉਹ ਸ਼ਹਿਰ ਵਿੱਚ ਗਈ ਅਤੇ ਜੋ ਕੁਝ ਉਸ ਨੇ ਚੁਗਿਆ ਸੀ, ਸਭ ਉਹਦੀ ਸੱਸ ਨੇ ਡਿੱਠਾ, ਅਤੇ ਉਸ ਨੇ ਵੀ ਰੱਜ ਕੇ ਛੱਕਿਆ।''

**ਨਿਮੁਈ:** (2:19-20 ਵਿੱਚੋਂ) ''ਅੱਜ ਕਿੱਥੋ ਸਿੱਟੇ ਚੁਗੇ, ਅਤੇ ਕਿਥੇ ਕੰਮ ਧੰਦਾ ਕੀਤਾ? ਧੰਨ ਉਹ ਹੈ, ਜਿਹਨੇ ਤੇਰੀ ਖਬਰ ਲਈ ਹੈ, ਤਾਂ ਉਹ ਯਹੋਵਾਹ ਵੱਲੋ ਮੁਬਾਰਕ ਹੋਏ, ਜਿਸ ਨੇ ਜੀਉਦਿਆਂ ਅਤੇ ਮੋਇਆਂ ਨੂੰ ਆਪਣੀ ਕਿਰਪਾ ਤੋ ਖਾਲੀ ਨਹੀ ਰੱਖਿਆ।

**ਵਾਚਕ:** ਜਿੰਨ੍ਹਾਂ ਨੇ ਮੱਦਦ ਕੀਤੀ, ਉਨ੍ਹਾਂ ਦਾ ਧੰਨਵਾਦ। ਫਿਰ ਸਮਝਾਏ ''ਬੋਆਜ ਅਤੇ ਰੁਤ ਦਾ ਵਿਆਹ ਹੋ ਗਿਆ। ਉਨ੍ਹਾਂ ਦਾ ਪੁੱਤਰ ਆਬੇਦ ਜਿਹੜਾ ਕਿ ਯਿਸੈ ਦਾ ਪਿਉ ਬਣਿਆ, ਜੋ ਦਾਊਦ ਦਾ ਪਿਉ ਬਣਿਆ। ਦਾਊਦ ਇਸਰਾਏਲੀਆਂ ਦਾ ਮਹਾਨ ਰਾਜਾ ਸੀ। ਜਿਹਦੇ ਬਾਰੇ ਵਿੱਚ ਬਾਈਬਲ ਵਿੱਚ ਕਿਸੇ ਮੱਨੁਖ ਤੋਂ ਜਿਆਦਾ ਕਿਹਾ ਗਿਆ ਹੈ, ਸਿਰਫ ਯੀਸ਼ੂ ਨੂੰ ਛੱਡ ਕੇ। ਯੀਸ਼ੂ, ਬੋਆਜ ਅਤੇ ਰੁਥ ਦੇ ਵੰਸ਼ ਦਾ ਹੈ।



**ਤਸਵੀਰ:-** ਬੱਚੇ ਕਣਕ ਦੇ ਪੂਲਿਆਂ ਜਾਂ ਫਸਲ ਵੱਢਣ ਵਾਲੇ ਰਸੀਆ ਦੀ ਤਸਵੀਰ ਬਣਾਉਣ। ਉਹ ਬਾਲਿਗਾਂ ਨੂੰ ਇਹ ਤਸਵੀਰ ਦਿਖਾ ਕੇ ਸਮਝਾਉਣ ਕਿ ਸਾਨੂੰ ਚੰਗੀ ਫਸਲ ਅਤੇ ਅਸੀਸਾਂ ਦੇ ਲਈ ਪਰਮੇਸ਼ਵਰ ਦਾ ਧੰਨਵਾਦ ਕਰਨਾ ਚਾਹੀਦਾ ਹੈ।''

ਰੁਤ:- 2:12 ਯਾਦ ਕਰੋ।

ਧੰਨਵਾਦ ਕਰਨ ਲਈ ਆਇਤ ਦੋਂ ਬੱਚੇ ਯਸਾਯਾਹ 9:3 ਅਤੇ 2 ਕੁਰਿੰਥੀਆ 9:11 ਦੋਹਰਾਉਣ।

ਵੱਡੇ ਬੱਚੇ ਗੀਤ, ਕਵਿਤਾ, ਛੋਟਾ ਨਾਟਕ ਲਿਖਣ, ਜਿਹਦੇ ਵਿੱਚ ਲੋਕਾਂ ਨੂੰ ਚੰਗੀ ਫਸਲ ਅਤੇ ਦੂਜੀਆਂ ਬਹੁਤੀਆਂ ਅਸੀਸਾਂ ਲਈ ਪਰਮੇਸ਼ਵਰ ਦਾ ਧੰਨਵਾਦ ਕਰਦੇ ਹੋਏ ਦਿਖਾਇਆ ਗਿਆ ਹੋਵੇ।

Copyright 2004 © by Paul-Timothy. May be freely copied. Download from www.Paul-Timothy.net